ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

ਜ਼ਿਲਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ)
ਜ਼ਿਲਾ:- ਅੰਮ੍ਰਿਤਸਰ, ਬਰਨਾਲਾ, ਫਾਜ਼ਿਲਕਾ, ਗੁਰਦਾਸਪੁਰ, ਜਲੰਧਰ, ਲੁਧਿਆਣਾ
ਮਾਨਸਾ, ਮੋਗਾ, ਪਟਿਆਲਾ, ਰੂਪ ਨਗਰ, ਐਸ.ਏ.ਐਸ. ਨਗਰ, ਸੰਗਰੂਰ।

ਮੀਮੋ ਨੰ: ਐਨ.ਐਸ.ਕਿਉ.ਐਫ/2021/126466 ਮਿਤੀ, 12-04-2021

ਵਿਸ਼ਾ:- ਸਾਲ 2021-22 ਦੌਰਾਨ NSQF ਅਧੀਨ 34 ਸਕੂਲਾਂ ਵਿੱਚ Lab setup ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਾਲ 2021-22 ਦੌਰਾਨ 34 ਸਕੂਲਾਂ ਵਿੱਚ NSQF ਦੇ Labs ਸ਼ੁਰੂ ਕਰਨ ਲਈ ਗ੍ਰਾਂਟ ਰੀਲੀਜ਼ ਕੀਤੀ ਜਾ ਚੁੱਕੀ ਹੈ। ਜਿਹਨਾਂ 34 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ ਸੈਸ਼ਨ 2021-22 ਦੌਰਾਨ ਆਈ.ਟੀ/ਆਈ.ਟੀ.ਈ.ਐਸ, ਬਿਊਟੀ ਐਂਡ ਵੈਲਨੈਸ, ਪਲੰਬਿੰਗ, ਪਾਵਰ ਅਤੇ ਰਿਟੇਲ ਟਰੇਡਾਂ ਚਲਾਈਆਂ ਜਾਣੀਆਂ ਹਨ।

3.0 ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਸਕੂਲਾਂ ਵਿੱਚ ਉਕਤ ਟਰੇਡਾਂ ਦੇ ਪ੍ਰੈਕਟੀਕਲ ਲਈ Lab Set up ਕਰਨ ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ। Tools & Equipments ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

4.0 SMC ਪੱਧਰ ਤੇ ਇੱਕ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਸਕੂਲ ਮੁਖੀ, ਚੇਅਰਮੈਨ SMC, ਦੋ ਮੈਂਬਰ SMC (1 Female member) ਸਬੰਧਤ ਵੋਕੇਸ਼ਨਲ ਟ੍ਰੇਨਰ ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

5.0 ਇਹ ਕਮੇਟੀ ਸਮਾਨ ਦੀ ਖਰੀਦ ਲਈ Manual of Financial Management & Procurement (FMP) for Scheme of Samagra ਦੇ Chapter No. 7 ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ ਅਨੁਲੱਗ ੳ ਤੇ ਨਾਲ ਨੱਥੀ ਹੈ ਜੀ।

6.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO(SE) ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ Specifications ਅਨੁਸਾਰ ਹੀ ਖਰੀਦਿਆ ਜਾਵੇ। ਮੁੱਖ ਦਫਤਰ ਵੱਲੋਂ VTs ਦੀ ਗਠਿਤ ਕਮੇਟੀ ਵੱਲੋਂ ਤਿਆਰ ਕੀਤੀ ਗਈ specifications ਦੀ ਲਿਸਟ ਅਨੁਲੱਗ ਅ ਵੱਜੋਂ ਨਾਲ ਨੱਥੀ ਹੈ ਅਤੇ ਆਪ ਨੂੰ e-mail ਕੀਤੀ ਜਾ ਰਹੀ ਹੈ।

7.0 SMC ਵੱਲੋਂ ਸਮਾਨ ਦੀ ਖਰੀਦ ਲਈ, ਸਮਾਨ ਸਪਲਾਈ ਕਰਨ ਤੋਂ ਬਾਅਦ ਹੀ Cheque/RTGS ਰਾਹੀਂ ਪੇਮੈਂਟ ਕੀਤੀ ਜਾਵੇ, ਕਿਸੇ ਵੀ ਹਾਲਤ ਵਿੱਚ ਐਡਵਾਂਸ ਪੇਮੈਂਟ ਨਾ ਕੀਤੀ ਜਾਵੇ। ਇਸ ਸਾਰੇ ਰਿਕਾਰਡ ਨੂੰ ਮੇਨਟੇਨ ਕਰਨ ਦੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

8.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

9.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕੀਤੀ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

10.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਸਮਾਨ ਦੀ ਖਰੀਦ ਵਿੱਚ quality ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ।

11.0 ਜੇਕਰ ਸਮਾਨ ਦੀ ਖਰੀਦ ਉਪਰੰਤ ਕੋਈ ਰਾਸ਼ੀ ਅਣਵਰਤੀ ਰਹਿ ਜਾਂਦੀ ਹੈ ਤਾਂ ਉਹ ਰਾਸ਼ੀ ਕਿਸੇ ਹੋਰ ਕੰਮ ਤੇ ਖਰਚ ਨਾ ਕੀਤੀ ਜਾਵੇ।

12.0 ਇਸ ਸਮਾਨ ਨਾਲ Lab setup ਕਰਨ ਲਈ ਸਕੂਲ ਵਿੱਚ ਮੌਜੂਦ ਕਿਸੇ ਇੱਕ ਕਮਰੇ ਨੂੰ Vocational Lab ਦੇ ਤੌਰ ਤੇ ਸਥਾਪਿਤ ਕੀਤਾ ਜਾਵੇ ਅਤੇ ਕਮਰੇ ਦੇ ਬਾਹਰ Vocational Lab (NSQF) ਲਿਖਿਆ ਜਾਵੇ।

13.0 ਜਿਹਨਾਂ 5 ਟਰੇਡਾਂ ਦੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ, ਉਹਨਾ ਦੀ Trade wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

ਲੜੀ ਨੰ	ਟਰੇਡ ਦਾ ਨਾਮ	ਸਕੂਲਾਂ ਦੀ ਗਿਣਤੀ	ਟਰੇਡ ਵਾਇਜ਼ ਪ੍ਰਤੀ ਲੈਬ ਜਾਰੀ ਕੀਤੀ ਗਈ ਰਾਸ਼ੀ (ਲੱਖਾਂ ਵਿੱਚ)
1	ਬਿਊਟੀ ਐਂਡ ਵੈਲਨੈੱਸ	16	3.00
2	ਆਈ.ਟੀ/ਆਈ.ਟੀ.ਈ.ਐਸ	22	3.00
3	ਪਲੰਬਿੰਗ	10	1.50
4	ਪਾਵਰ	8	2.00
5	ਰਿਟੇਲ	12	2.00

ਉਪਰੋਕਤ Unit Cost ਦੇ ਅਨੁਸਾਰ ਜ਼ਿਲ੍ਹਾ ਵਾਈਜ਼ ਬਜਟ ਅਨੁਲਗ-ਏ- ਤੇ ਨੱਥੀ ਹੈ।

14.0 ਇੱਥੇ ਧਿਆਨ ਰਹੇ ਕਿ ਪਾਵਰ ਸਬੰਧੀ ਟ੍ਰੇਡ ਇਸ ਸਾਲ ਨਵੀਂ ਸ਼ੁਰੂ ਕੀਤੀ ਜਾਣੀ ਹੈ। ਇਸ ਲਈ ਇਸ ਟ੍ਰੇਡ ਦੀ ਲੈਬ ਲਈ ਖਰੀਦੇ ਜਾਣ ਵਾਲੇ Tools & equipment ਦੀ ਸੂਚੀ ਕੁੱਝ ਸਮੇਂ ਬਾਅਦ ਤਿਆਰ ਕਰਕੇ ਭੇਜੀ ਜਾਵੇਗੀ। ਪਾਵਰ ਟ੍ਰੇਡ ਦੇ 8 ਲੈਬਜ਼ ਤਿਆਰ ਕੀਤੇ ਜਾਣੇ ਹਨ। ਬਾਕੀ 60 ਲੈਬਜ਼ ਤਿਆਰ ਕਰਨ ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇ ਅਤੇ ਜਿਵੇਂ ਹੀ ਪਾਵਰ ਟ੍ਰੇਡ ਦੇ equipment ਦੀ ਲਿਸਟ ਆਪ ਨੂੰ ਦਿੱਤੀ ਜਾਵੇਗੀ ਉਦੋਂ ਉਸਤੇ ਕੰਮ ਸ਼ੁਰੂ ਕਰ ਦਿੱਤਾ ਜਾਵੇ।

15.0 ਅਨੁਲੱਗ-ਅ ਵਿੱਚ ਦਰਜ IT Trade ਵਾਲੇ ਸਕੂਲਾਂ ਦੇ ਸਮਾਨ ਅਤੇ Common ਖਰੀਦੇ ਜਾਣ ਵਾਲੇ ਸਮਾਨ ਵਿੱਚ ਜਿਹਨਾਂ ਸਕੂਲਾਂ ਵੱਲੋਂ computer ਦੀ ਖਰੀਦ ਕੀਤੀ ਜਾਣੀ ਹੈ, ਉਸ ਦੀ **3 ਸਾਲ ਦੀ ਵਰੰਟੀ** ਨਾਲ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

16.0 ਇਸਦੇ ਨਾਲ ਹੀ ਸਾਰੇ Non IT Trade ਵਾਲੇ ਸਕੂਲਾਂ ਵਿੱਚ Common Items ਖਰੀਦ ਲਈਆਂ ਜਾਣ। ਕਿਉਂਜੋ ਬਾਕੀ ਸਾਰੀਆਂ ਟਰੇਡਾਂ ਲਈ Common items ਦੀ ਲਿਸਟ ਅਲੱਗ ਹੈ। ਜਿਹਨਾਂ ਸਕੂਲਾਂ ਵਿੱਚ IT/ITes Trade ਚੱਲ ਰਹੀ ਹੈ ਉਹਨਾਂ ਸਕੂਲਾਂ ਲਈ Common Items ਦੀ List ਅਲੱਗ ਹੈ। ਕਿਰਪਾ ਕਰਕੇ ਅਪਣੀ ਟਰੇਡ ਨੂੰ ਧਿਆਨ ਵਿੱਚ ਰੱਖਦੇ ਹੋਏ Common Items ਖਰੀਦੀਆਂ ਜਾਣ।

17.0 ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ਼ ਸਕੂਲ ਦੇ ਸਟਾਫ ਰਜਿਸਟਰ ਵਿੱਚ ਦਰਜ ਕੀਤਾ ਜਾਵੇ।

18.0 ਜੇਕਰ ਕੋਈ ਫਰਮ ਬਿਨਾ GST ਨੰਬਰ ਦੇ ਜਾਂ ਬਿਨਾ ਕਿਸੇ ਨਾਮ ਅਤੇ ਪੱਕੇ ਪਤੇ (Premanent address) ਦੇ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਸ ਫਰਮ ਨੂੰ ਬਲੈਕ ਲਿਸਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

19.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਨੁਲਗ-ਏ ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹਰ ਹਾਲ ਵਿੱਚ ਲੈਬ ਸੈਟ-ਅੱਪ ਕਰ ਲਈ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ 30/04/2021 ਤੱਕ ਜਮਾਂ ਕਰਵਾਇਆ ਜਾਵੇ। ਕਿਸੇ ਵੀ ਕਿਸਮ ਦੀ ਉਣਤਾਈ ਸਾਹਮਣੇ ਆਉਣ ਤੇ ਸੰਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਆਪ ਦੇ ਜਿਲ੍ਹੇ ਨੂੰ ਉਕਤ ਦਰਸ਼ਾਏ ਅਨੁਸਾਰ ਰਾਸ਼ੀ ਪ੍ਰਾਪਤ ਨਹੀਂ ਹੁੰਦੀ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕੀਤਾ ਜਾਵੇ।

20.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨ੍ਹਾਂ 34 ਸਕੂਲਾਂ ਦੀ ਮਾਨੀਟਰਿੰਗ ਕੀਤੀ ਜਾਵੇ। ਸਬੰਧਤ ਜ਼ਿਲ੍ਹੇ ਦੇ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਭਾਗ ਵੱਲੋਂ ਸਮਾਨ ਦੀ ਖਰੀਦ ਬਾਰੇ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

21.0 NSDC ਦੀਆਂ ਹਦਾਇਤਾਂ ਅਨੁਸਾਰ ਜਿਸ ਸਕੂਲ ਵਿੱਚ ਲੈਬ ਸੈਟ-ਅਪ ਨਹੀਂ ਹੋਵੇਗੀ ਉਸ ਸਕੂਲ ਦੇ **NSQF** ਦੇ ਵਿਦਿਆਰਥੀਆਂ ਦੀ SSC ਵੱਲੋਂ ਪ੍ਰੈਕਟੀਕਲ assessment ਨਹੀਂ ਕੀਤੀ ਜਾਵੇਗੀ। ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

22.0 ਉਪਰੋਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ monitoring ਲਈ ਖਰਚਾ EduFund (Educational Management System) Portal ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

23.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।